

# ਤੁਹਾਡੇ ਬੱਚੇ ਦੀ ਤਰੱਕੀ

## ਸਕੂਲੀ ਵਰ੍ਹੇ 2011-12 ਲਈ ਪੜ੍ਹਾਈ ਦੇ ਟੀਚੇ

**ਗ੍ਰੇਡ 8**

## ਪੜ੍ਹਾਈ ਦੇ ਮਿਆਰ: ਗ੍ਰੇਡ 8

ਤੁਹਾਡੇ ਅੱਠਵੇਂ ਗ੍ਰੇਡ ਦੇ ਵਿਦਿਆਰਥੀ ਦੇ ਹਰ ਇੱਕ ਵਿਸ਼ੇ ਵਿੱਚ ਪੜ੍ਹਾਈ ਸੰਬੰਧੀ ਵਿਸ਼ੇਸ਼ ਟੀਚੇ ਹਨ। ਵਾਸ਼ਿੰਗਟਨ ਦੇ ਪੜ੍ਹਾਈ ਦੇ ਮਿਆਰ ਹਨ ਜੋ ਉਸ ਗਿਆਨ ਅਤੇ ਹੁਨਰਾਂ ਨੂੰ ਪਰਿਭਾਸ਼ਿਤ ਕਰਦੇ ਹਨ ਜੋ ਵਿਦਿਆਰਥੀਆਂ ਨੂੰ ਕਿੰਡਰਗਾਰਟਨ ਤੋਂ ਸ਼ੁਰੂ ਕਰਦੇ ਹੋਏ ਹਰੇਕ ਵਿਸ਼ੇ ਵਿੱਚ ਹਾਸਲ ਕਰਨੇ ਚਾਹੀਦੇ ਹਨ। ਹਰੇਕ ਅਧਿਆਪਕ ਸਿਰਫ਼ ਉਸ ਗ੍ਰੇਡ ਦੇ ਵਿੱਚ ਹੀ ਪੜ੍ਹਾਈ ਦੇ ਮਿਆਰਾਂ ਲਈ ਜ਼ੁੰਮੇਵਾਰ ਨਹੀਂ ਹਨ ਜਿਸ ਨੂੰ ਉਹ ਇਸ ਵੇਲੇ ਪੜ੍ਹਾ ਰਹੇ ਹਨ, ਬਲਕਿ ਪਿਛਲੇ ਗ੍ਰੇਡਾਂ ਦੇ ਲਈ ਵੀ ਜ਼ੁੰਮੇਵਾਰ ਹੁੰਦੇ ਹਨ। ਹੇਠਾਂ ਅਠਵੇਂ ਗ੍ਰੇਡ ਲਈ ਪੜ੍ਹਾਈ ਦੇ ਮੁੱਖ ਟੀਚਿਆਂ ਦੀਆਂ ਉਦਾਹਰਨਾਂ ਹਨ। ਸੂਬੇ ਦੇ ਪੜ੍ਹਾਈ ਦੇ ਮਿਆਰਾਂ ਬਾਰੇ ਵਧੇਰੇ ਜਾਣਨ ਲਈ, ਇਸ ਵੈਬਸਾਈਟ ‘ਤੇ ਜਾਓ: http://www.k12.wa.us/standards.

### ਰਾਈਟਿੰਗ



- ਵੱਖ-ਵੱਖ ਤਰ੍ਹਾਂ ਦੇ ਸਰੋਤਿਆਂ ਅਤੇ ਉਦੇਸ਼ਾਂ ਲਈ ਲਿਖਦਾ/ਲਿਖਦੀ ਹੈ, ਜਿਨ੍ਹਾਂ ਵਿੱਚ ਪ੍ਰੇਰਿਤ ਕਰਨਾ ਅਤੇ ਸਮਝਾਉਣਾ ਸ਼ਾਮਲ ਹੈ
- ਵਿਚਾਰਾਂ ਦਾ ਵਿਸ਼ਲੇਸ਼ਣ ਕਰਦਾ/ਕਰਦੀ ਹੈ, ਕੋਈ ਸੰਭਾਲਣਯੋਗ ਵਿਸ਼ਾ ਚੁਣ ਲੈਂਦਾ/ਲੈਂਦੀ ਹੈ ਅਤੇ ਵਿਸ਼ੇਸ਼, ਸੰਬੰਧਿਤ ਤਫਸੀਲਾਂ ਅਤੇ/ਜਾਂ ਉਦਾਹਰਨਾਂ ਦਾ ਇਸਤੇਮਾਲ ਕਰਦੇ ਹੋਏ ਇਸਦਾ ਵਿਸਤਾਰ ਵਿੱਚ ਵਰਣਨ ਕਰਦਾ/ਕਰਦੀ ਹੈ
- ਗ੍ਰੇਡ ਪੱਧਰ ਦੇ ਅਨੁਰੂਪ ਸਪੈਲਿੰਗ, ਵਿਰਾਮ ਚਿੰਨ੍ਹਾਂ, ਵੱਡੇ ਅੱਖਰਾਂ, ਵਿਆਕਰਣ ਅਤੇ ਪੈਰਾਗ੍ਰਾਫ਼ ਲਿਖਣ ਬਾਰੇ ਜਾਣਕਾਰੀ ਰੱਖਦਾ/ਰੱਖਦੀ ਹੈ ਅਤੇ ਇਸ ਨੂੰ ਲਾਗੂ ਕਰਦਾ/ਕਰਦੀ ਹੈ

### ਰੀਡਿੰਗ



- ਸਮਝ ਅਤੇ ਸ਼ਬਦਾਵਲੀ ਸੰਬੰਧੀ ਬਹੁਤ ਸਾਰੀਆਂ ਵੱਖ-ਵੱਖ ਰਣਨੀਤੀਆਂ ਨੂੰ ਆਪਸ ਵਿੱਚ ਮਿਲਾ ਲੈਂਦਾ/ਲੈਂਦੀ ਹੈ ਅਤੇ ਪੜ੍ਹਨ ਨੂੰ ਵੱਖ ਵੱਖ ਕਿਸਮਾਂ ਦੇ ਮਜ਼ਮੂਨ ਦੇ ਅਨੁਕੂਲ ਬਣਾਉਂਦਾ/ਬਣਾਉਂਦੀ ਹੈ
- ਜ਼ੁਬਾਨੀ ਅਤੇ ਲਿਖਤੀ ਉੱਤਰਾਂ ਵਿੱਚ ਸਮੱਗਰੀ ਦੀ ਸਮਝ ਨੂੰ ਡੂੰਘਾ ਕਰਨ ਲਈ ਵੱਖ-ਵੱਖ ਸ੍ਰੋਤਾਂ ਤੋਂ ਲਈ ਗਈ ਜਾਣਕਾਰੀ ਨੂੰ ਸਾਰਬੱਧ ਕਰਦਾ/ਕਰਦੀ ਹੈ
- ਜਿਵੇਂ-ਜਿਵੇਂ ਲੇਖਕ ਦੀ ਚਤੁਰਾਈ ਦੀ ਸਮਝ ਡੂੰਘੀ ਹੁੰਦੀ ਜਾਂਦੀ ਹੈ ਆਨੰਦ ਲਈ ਪੜ੍ਹਨਾ ਜਾਰੀ ਰੱਖਦਾ/ਰੱਖਦੀ ਹੈ

### ਗਣਿਤ



- ਕਈ ਤਰ੍ਹਾਂ ਦੇ ਰੇਖਾਵੀ ਸਮੀਕਰਨ (ਲਨਿਏਓਰ ਏਤੁਓਟੋਨਿਸ) ਅਤੇ ਅਸਮਾਨਤਾਵਾਂ ਨੂੰ ਹਲ ਕਰਦਾ/ਕਰਦੀ ਹੈ
- ਰੇਖਾਵਾਂ ਅਤੇ ਕੋਣਾਂ ਉੱਪਰ ਕੰਮ ਕਰਦਾ/ਕਰਦੀ ਹੈ, ਖਾਸ ਤੌਰ ਤੇ ਤਿਕੋਣਾਂ ਵਾਲੇ ਸਵਾਲਾਂ ਨੂੰ ਹਲ ਕਰਨ ਲਈ
- ਨਿਰਣਿਆਂ ਤੇ ਪਹੁੰਚਣ ਲਈ ਅੰਕੜਿਆਂ ਦੇ ਦੋ ਸਮੂਹਾਂ ਲਈ ਡਿਸਪਲੇ (ਯਾਨੀ ਆਕਾਰ ਜਾਂ ਗ੍ਰਾਫ਼) ਤਿਆਰ ਕਰਦਾ/ਕਰਦੀ ਹੈ ਅਤੇ ਉਹਨਾਂ ਦੀ ਤੁਲਨਾ ਕਰਦਾ/ਕਰਦੀ ਹੈ
- ਤਰਕਸ਼ੀਲਤਾ ਅਤੇ ਸਵਾਲ ਹਲ ਕਰਨ ਦੀ ਯੋਗਤਾ ਨੂੰ ਹੋਰ ਸੂਖਮ ਕਰਦਾ/ਕਰਦੀ ਹੈ

### ਵਿਗਿਆਨ



- ਵਿਦਿਆਰਥੀ ਵਿਗਿਆਨ ਦੀ ਪੁਰਾਣੀ ਜਾਣਕਾਰੀ ਅਤੇ ਉਹਨਾਂ ਦੀ ਜਾਂਚ-ਪੜਤਾਲ ਤੋਂ ਪੈਦਾ ਕੀਤੇ ਸਬੂਤਾਂ ਵਿਚਕਾਰ ਸੰਬੰਧ ਜੋੜਣ ਵਾਸਤੇ ਆਲੋਚਣਾਤਮਕ ਅਤੇ ਤਰਕਪੂਰਨ ਢੰਗ ਨਾਲ ਅਤੇ ਸਿੱਖਣਾ ਸ਼ੁਰੂ ਕਰਦੇ ਹਨ।
- ਨਾਪਣਾ, ਰਿਕਾਰਡ ਕਰਨਾ ਅਤੇ ਵਸਤੂਆਂ ਦੀ ਔਸਤ ਰਫ਼ਤਾਰ ਦਾ ਹਿਸਾਬ ਲਗਾਉਣਾ ਅਤੇ ਨਤੀਜਿਆਂ ਨੂੰ ਸਾਰਣੀਆਂ ਅਤੇ ਗ੍ਰਾਫ਼ਾਂ ਵਿੱਚ ਦਿਖਾਉਣਾ ਸਿੱਖਦੇ ਹਨ
- ਸਿੱਖਦੇ ਹਨ ਕਿ ਊਰਜਾ ਅਤੇ ਮਾਦਾ ਵੱਖ-ਵੱਖ ਸਥਿਤੀਆਂ ਵਿੱਚ ਕਿਵੇਂ ਅੰਤਰ-ਕਿਰਿਆ ਕਰਦੇ ਹਨ

### ਵਾਸ਼ਿੰਗਟਨ ਰਾਜ ਦੇ ਪੜ੍ਹਾਈ ਸੰਬੰਧੀ ਟੀਚੇ

ਹੇਠਾਂ ਦਿੱਤੇ ਰਾਜ ਦੇ ਪੜ੍ਹਾਈ ਸੰਬੰਧੀ ਚਾਰ ਟੀਚਿਆਂ ਨੇ ਅਕਾਦਮਿਕ ਪੜ੍ਹਾਈ ਸੰਬੰਧੀ ਜ਼ਰੂਰੀ ਲੋੜਾਂ (ਇਸੈਂਸ਼ੀਅਲ ਅਕੈਡਮਿਕ ਲਰਨਿੰਗ ਰਿਕੁਆਇਮੈਂਟਸ – EALR) ਦੇ ਵਿਕਾਸ ਲਈ ਅਧਾਰ ਮੁਹੱਈਆ ਕੀਤਾ, ਜਿਸ ਨਾਲ ਤਰੱਕੀ ਅਤੇ ਜਵਾਬਦੇਹੀ ਨੂੰ ਮਾਪਣ ਵਿੱਚ ਮਦਦ ਮਿਲਦੀ ਹੈ:

1. ਸਮਝ ਨਾਲ ਪੜ੍ਹਨਾ, ਹੁਨਰ ਨਾਲ ਲਿਖਣਾ ਅਤੇ ਵੱਖ ਵੱਖ ਕਿਸਮ ਦੇ ਢੰਗਾਂ ਨਾਲ ਅਤੇ ਸਥਿਤੀਆਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਜ਼ੁੰਮੇਵਾਰੀ ਨਾਲ ਬੋਲਣਾ

2. ਗਣਿਤ, ਵਿਗਿਆਨ, ਕਲਾਵਾਂ, ਸਮਾਜਿਕ ਅਧਿਐਨ, ਸਿਹਤ ਅਤੇ ਤੰਦਰੁਸਤੀ ਦੀਆਂ ਕੇਂਦਰੀ ਧਾਰਨਾਵਾਂ ਅਤੇ ਸਿਧਾਂਤਾਂ ਦੀ ਜਾਣਕਾਰੀ ਰੱਖਣਾ ਅਤੇ ਇਹਨਾਂ ਨੂੰ ਅਮਲ ਵਿੱਚ ਲਿਆਉਣਾ

3. ਵਿਸ਼ਲੇਸ਼ਣਾਤਮਕ, ਤਰਕਪੂਰਣ ਅਤੇ ਸਿਰਜਣਾਤਮਕ ਢੰਗ ਵਿੱਚ ਸੋਚਣਾ ਅਤੇ ਵਿਵੇਕਪੂਰਣ ਫ਼ੈਸਲੇ ਲੈਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਨੁਭਵ ਅਤੇ ਗਿਆਨ ਨੂੰ ਮਿਲਾਉਣਾ

4. ਕੰਮ ਦੇ ਮਹੱਤਵ ਅਤੇ ਇਸ ਗੱਲ ਨੂੰ ਸਮਝਣਾ ਕਿ ਪ੍ਰਦਰਸ਼ਨ, ਕੋਸ਼ਿਸ਼ ਅਤੇ ਫ਼ੈਸਲੇ ਕਿਸ ਤਰ੍ਹਾਂ ਨਾਲ ਭਵਿੱਖ ਦੇ ਕੈਰੀਅਰ ਅਤੇ ਵਿਦਿਅਕ ਮੌਕਿਆਂ ਨੂੰ ਸਿੱਧੇ ਤੌਰ ‘ਤੇ ਪ੍ਰਭਾਵਿਤ ਕਰਦੇ ਹਨ

SUPERINTENDENT OF PUBLIC INSTRUCTION · WASHINGTON
Office of Superintendent of Public Instruction
www.k12.wa.us

# ਵਾਸ਼ਿੰਗਟਨ ਵਿੱਚ ਰਾਜ ਦੁਆਰਾ ਮੁੱਲਾਂਕਣ: ਗ੍ਰੇਡ 3-8

ਗ੍ਰੇਡ 3-8 ਵਿੱਚ ਜ਼ਿਆਦਾਤਰ ਵਿਦਿਆਰਥੀ ਮਈਅਰਮੈਂਟ ਆਫ ਸਟੂਡੈਂਟ ਪ੍ਰੋਗਰੈਸ (MSP) (ਵਿਦਿਆਰਥੀ ਦੀ ਤਰੱਕੀ ਦਾ ਨਾਪ) ਦੇਣਗੇ। ਲਗਭਗ ਇੱਕ ਪ੍ਰਤਿਸ਼ਤ ਵਿਦਿਆਰਥੀ "ਵਾਸ਼ਿੰਗਟਨ ਆਲਟਰਨੇਟ ਅਸੈਸਮੈਂਟ ਸਿਸਟਮ" (WAAS) ਵਿੱਚ ਹਿੱਸਾ ਲੈਂਦੇ ਹਨ ਜੋ ਵਿਸ਼ੇਸ਼ ਸਿੱਖਿਆ ਦੇ ਪ੍ਰੋਗਰਾਮਾਂ ਵਿਚਲੇ ਕੁਝ ਵਿਦਿਆਰਥੀਆਂ ਲਈ ਇਸਦੇ ਬਰਾਬਰ ਦਾ ਚੁਣੌਤੀਪੂਰਣ ਪ੍ਰੋਗਰਾਮ ਹੈ।

ਨਾਂ MSP ਵਿੱਚ ਟੈਸਟ ਦੇ ਟੀਚੇ ਦੀ ਝਲਕ ਮਿਲਦੀ ਹੈ: *ਵਿਦਿਆਰਥੀ ਦੀ ਪਰਗਤੀ ਨੂੰ ਮਾਪਣਾ।* ਰਾਜ ਦੁਆਰਾ ਟੈਸਟਿੰਗ ਵਿਦਿਆਰਥੀ ਦੀਆਂ ਸਿਰਫ਼ ਵਿੱਦਿਅਕ ਮਹਾਰਤਾਂ ਅਤੇ ਗਿਆਨ ਦਾ ਮੁਲਾਂਕਣ ਨਹੀਂ ਹੋਣੀ ਚਾਹੀਦੀ। ਹਮੇਸ਼ਾ ਵਿਦਿਆਰਥੀ ਦੇ ਪੂਰੇ ਪ੍ਰਦਰਸ਼ਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਜੇ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਨਾਲ ਸੰਪਰਕ ਕਰੋ।

## ਸੂਬਾਈ ਇਮਤਿਹਾਨਾਂ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

**ਸੂਬਾਈ ਇਮਤਿਹਾਨਾਂ ਵਿੱਚ ਕਿਸ ਕਿਸਮ ਦੇ ਸਵਾਲ ਆਉਂਦੇ ਹਨ?**

ਰੀਡਿੰਗ, ਗਣਿਤ ਅਤੇ ਸਾਇੰਸ ਦੇ MSP ਵਿੱਚ ਬਹੁ-ਚੋਣੀ ਅਤੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੁੰਦੇ ਹਨ। ਰੀਡਿੰਗ, ਗਣਿਤ ਅਤੇ ਸਾਇੰਸ ਦੇ ਇਮਤਿਹਾਨਾਂ ਵਿੱਚੋਂ ਚਾਰ-ਅੰਕਾ ਵਾਲੇ ਵਿਸਥਾਰਤ ਸਵਾਲ ਖਤਮ ਕਰ ਦਿੱਤੇ ਗਏ ਹਨ। ਇਸ ਤਬਦੀਲੀ ਨਾਲ ਵਿਦਿਆਰਥੀ ਦਿਖਾ ਸਕਦੇ ਹਨ ਕਿ ਉਹ ਸਮੱਸਿਆਵਾਂ ਹੱਲ ਕਰ ਸਕਦੇ ਹਨ, ਜਦ ਕਿ ਉਹਨਾਂ ਦੀ ਲਿਖਣ ਦੀ ਸਮਰੱਥਾ ਲਈ ਅੰਕ ਨਹੀਂ ਦਿੱਤੇ ਜਾਂਦੇ ਹਨ। ਸਾਡੇ ਕੋਲ ਗ੍ਰੇਡ 4 ਅਤੇ 7 ਵਿੱਚ MSP ਟੈਸਟ ਹੈ।

ਰਾਜ ਦੀ ਟੈਸਟ ਲੈਣ ਬਾਰੇ ਪ੍ਰਣਾਲੀ ਬਾਰੇ ਵਧੇਰੇ ਜਾਣਨ ਲਈ ਕਿਰਪਾ ਕਰਕੇ **www.WAtesting.com** 'ਤੇ ਜਾਉ।

## ਔਨ-ਲਾਈਨ ਟੈਸਟਿੰਗ ਵਲ ਕਦਮ

ਵਾਸ਼ਿੰਗਟਨ ਆੱਨਲਾਈਨ ਟੈਸਟਿੰਗ ਦੀ ਸ਼ੁਰੂਆਤ ਕਰਨ ਵਾਲਾ ਪਹਿਲਾਂ ਪ੍ਰਾਂਤ ਨਹੀਂ ਹੈ, ਪਰ ਇਹ ਮੋਹਰੀਆਂ ਵਿੱਚੋਂ ਹੈ। ਪ੍ਰਾਂਤ ਦਾ ਟੀਚਾ ਇਹ ਹੈ ਕਿ 2014 ਤੱਕ ਸਾਰੇ ਸਕੂਲ ਜਿਲ੍ਹਿਆਂ ਵਿੱਚ ਜ਼ਿਆਦਾਤਰ ਐਲੀਮੈਂਟਰੀ ਅਤੇ ਮਿਡਲ ਸਕੂਲਾਂ ਗਰੇਡਾਂ ਨੂੰ ਪੜ੍ਹਨ, ਗਣਿਤ ਅਤੇ ਵਿਗਿਆਨ ਵਿੱਚ ਕੰਪਿਊਟਰਾਂ ਰਾਹੀਂ ਟੈਸਟ ਕੀਤਾ ਜਾਵੇ।

2012 ਦੀ ਸਪਰਿੰਗ ਵਿੱਚ, 3 - 8 ਗਰੇਡਾਂ ਵਿੱਚ ਆੱਨਲਾਈਨ ਐੱਮ.ਐੱਸ.ਪੀ. ਦਿੱਤੀ ਜਾਵੇਗੀ, ਤੀਜੇ ਗਰੇਡ ਦੇ ਵਿਦਿਆਰਥੀਆਂ ਨੂੰ ਇਸ ਮੌਕੇ ਦੀ ਪਹਿਲੀ ਵਾਰੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਪਿਛਲੇ ਸਾਲ, ਚੌਥੇ ਅਤੇ ਪੰਜਵੇਂ ਗਰੇਡ ਦੇ ਵਿਦਿਆਰਥੀਆਂ ਨੇ ਪੜ੍ਹਨ ਅਤੇ ਗਣਿਤ ਵਿੱਚ ਆੱਨਲਾਈਨ ਟੈਸਟ ਦੇਣਾ ਸ਼ੁਰੂ ਕੀਤਾ ਸੀ। ਚੌਥੇ ਅਤੇ ਸੱਤਵੇਂ ਗਰੇਡ ਦੀ ਲਿਖਾਈ ਵਿੱਚ ਆੱਨਲਾਈਨ ਟੈਸਟਿੰਗ ਵਾਸਤੇ ਸੰਭਵਤਾ ਅਧਿਐਨਾਂ ਦਾ ਸੰਚਾਲਨ ਕੀਤਾ ਜਾ ਰਿਹਾ ਹੈ।

## ਕਿਸਦਾ ਟੈਸਟ ਲਿਆ ਜਾਣਾ ਹੈ ਅਤੇ ਕਦੋਂ?

ਸੰਘ ਦੇ ਨੋ ਚਾਈਲਡ ਲੈਫਟ ਬਿਹਾਈਂਡ (ਕੋਈ ਵੀ ਬੱਚਾ ਪਿੱਛੇ ਨਾ ਰਹੇ) ਐਕਟ ਅਨੁਸਾਰ ਗ੍ਰੇਡ 3–8 ਅਤੇ 10 ਦੇ ਵਿਦਿਆਰਥੀਆਂ ਦਾ ਰੀਡਿੰਗ ਅਤੇ ਗਣਿਤ ਵਿੱਚ, ਅਤੇ ਤਿੰਨ ਗ੍ਰੇਡਾਂ (ਵਾਸ਼ਿੰਗਟਨ ਵਿੱਚ ਗ੍ਰੇਡ 5, 8 ਅਤੇ 10) ਦਾ ਸਾਇੰਸ ਵਿੱਚ ਸਲਾਨਾ ਇਮਤਿਹਾਨ ਲੋੜੀਂਦਾ ਹੈ। ਸਾਡਾ ਸੂਬਾ ਵਿਦਿਆਰਥੀਆਂ ਦਾ ਰਾਈਟਿੰਗ (ਗ੍ਰੇਡ 4, 7 ਅਤੇ 10) ਵਿੱਚ ਵੀ ਇਮਤਿਹਾਨ ਲੈਂਦਾ ਹੈ। ਸਾਡੇ ਸੂਬੇ ਨੇ ਵੀ ਆਨਲਾਈਨ ਇਮਿਤਿਹਾਨ ਸ਼ੁਰੂ ਕਰ ਦਿੱਤੇ ਹਨ।

| ਗ੍ਰੇਡ | ਤੀਜਾ | ਚੌਥਾ | ਪੰਜਵਾਂ | 6ਵਾਂ | 7ਵਾਂ | 8ਵਾਂ | 9ਵਾਂ | 10ਵਾਂ | 11ਵਾਂ | 12ਵਾਂ |
|---|---|---|---|---|---|---|---|---|---|---|
| ਰੀਡਿੰਗ | ✓■ | ✓■ | ✓■ | ✓■ | ✓■ | ✓■ | NT | ✓ | *ਤਾਂ ਹੀ ਜ਼ਰੂਰੀ ਹੈ ਜੇ ਵਿਦਿਆਰਥੀ ਨੇ ਸਟੇਟ ਅਸੈਸਮੈਂਟ ਗ੍ਰੈਜੂਏਸ਼ਨ ਲਈ ਲੋੜਾਂ ਪੂਰੀਆਂ ਨਹੀਂ ਕੀਤੀਆਂ।* | |
| ਗਣਿਤ | ✓■ | ✓■ | ✓■ | ✓■ | ✓■ | ✓■ | ✓ | ✓ | | |
| ਰਾਈਟਿੰਗ | | ✓ | | | ✓ | | NT | ✓ | | |
| ਵਿਗਿਆਨ | | | ✓■ | | | ✓■ | ✓ | ✓ | | |

■ 2012 ਦੀ ਬਸੰਤ ਰੁੱਤ ਵਿੱਚ ਆਨਲਾਈਨ ਪੇਸ਼ ਕੀਤਾ ਜਾਵੇਗਾ

NT ਵਿਸ਼ੇ ਜਿਨ੍ਹਾਂ ਦਾ ਇਮਤਿਹਾਨ ਨਹੀਂ ਲਿਆ ਜਾਂਦਾ ਹੈ (ਕੇਵਲ 9ਵੇਂ ਗਰੇਡ ਦੇ ਵਿਦਿਆਰਥੀ ਹੀ ਗਣਿਤ ਅਤੇ ਵਿਗਿਆਨ ਵਿੱਚ ਕੋਰਸ ਦੇ ਅੰਤ 'ਤੇ ਹੋਣ ਵਾਲੇ ਇਮਤਿਹਾਨ ਲੈਂਦੇ ਹਨ ਜੇ ਉਹ ਇਹਨਾਂ ਵਿਸ਼ੇਸ਼ ਕੋਰਸਾਂ ਵਿੱਚ ਹਨ)

# ਗ੍ਰੇਡ 8

## ਰਾਜ ਦੇ ਟੈਸਟ ਲੈਣ ਅਤੇ ਰਿਪੋਰਟਾਂ ਦੇਣ ਲਈ ਸਮਾਂ ਸੀਮਾ

**ਅਪਰੈਲ 27 – ਮਈ 18:** 3-8* ਗ੍ਰੇਡਾਂ ਲਈ ਕਾਗ਼ਜ਼-ਪੈਂਸਿਲ ਨਾਲ MSP ਟੈਸਟਾਂ ਲਈ ਸਮਾਂ

**ਅਪਰੈਲ 27-ਜੂਨ 4:** 3-8*ਗਰੇਡਾਂ ਵਾਸਤੇ ਐੱਮ.ਐੱਸ. ਪੀ. ਆੱਨਲਾਈਨ ਟੈਸਟ ਕਰਨ ਦੀ ਸਮਾਂ ਮਿਆਦ

**ਮੱਧ ਸਤੰਬਰ ਤਕ:** ਸਾਰੀਆਂ MSP ਰਿਪੋਰਟਾਂ ਘਰਾਂ ਵਿੱਚ ਭੇਜ ਦਿੱਤੀਆਂ ਜਾਣ

* ਰੀਡਿੰਗ ਅਤੇ ਗਣਿਤ ਅਤੇ ਸਾਇੰਸ ਲਈ ਇਮਤਿਹਾਨ ਪ੍ਰਤਿ ਵਿਸ਼ਾ 1 ਦਿਨ ਹੈ

## MSP ਸਕੋਰ ਦਾ ਅਰਥ ਕੀ ਹੈ?

ਹਰ MSP ਟੈਸਟ ਲਈ ਵਿਦਿਆਰਥੀ ਨੂੰ ਇੱਕ ਸਕੋਰ ਮਿਲਦਾ ਹੈ। ਅੰਕ ਇਕੱਲੇ-ਇਕੱਲੇ ਵਿਦਿਆਰਥੀ ਦੁਆਰਾ ਕੀਤੇ ਗਏ ਪ੍ਰਦਰਸ਼ਨ 'ਤੇ ਅਧਾਰਤ ਹੁੰਦੇ ਹਨ, ਇਸ ਲਈ ਤੁਹਾਨੂੰ ਦੂਸਰੇ ਮਾਣਕੀਕ੍ਰਿਤ ਟੈਸਟਾਂ ਦੁਆਰਾ ਅਕਸਰ ਦਿੱਤੇ ਜਾਣ ਵਾਲੇ ਤੁਲਨਾਤਮਕ ਪ੍ਰਤਿਸ਼ਤ ਦੇਖਣ ਨੂੰ ਨਹੀਂ ਮਿਲਣਗੇ। ਅੰਕ ਇਹਨਾਂ ਚਾਰ ਪੱਧਰਾਂ ਵਿੱਚੋਂ ਕਿਸੇ ਇੱਕ ਵਿੱਚ ਹੁੰਦੇ ਹਨ:

ਪੱਧਰ **4** **ਰਾਜ ਦੇ ਪੱਧਰਾਂ ਤੋਂ ਅੱਗੇ ਨਿਕਲਦਾ/ਨਿਕਲਦੀ ਹੈ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਅਗਾਊਂ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

ਪੱਧਰ **3** **ਰਾਜ ਦੇ ਪੱਧਰਾਂ ਨੂੰ ਪੂਰਾ ਕਰਦਾ/ਕਰਦੀ ਹੈ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

ਪੱਧਰ **2** **ਰਾਜ ਦੇ ਪੱਧਰ ਤੋਂ ਹੇਠਾਂ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਕੁਝ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

ਪੱਧਰ **1** **ਰਾਜ ਦੇ ਪੱਧਰ ਤੋਂ ਕਾਫੀ ਹੇਠਾਂ:** ਕਿਸੇ ਵਿਸ਼ੇ ਵਿੱਚ ਹੁਨਰਾਂ ਅਤੇ ਗਿਆਨ ਦੀ ਬਹੁਤ ਥੋੜ੍ਹੀ ਤੋਂ ਲੈ ਕੇ ਬਿਲਕੁਲ ਹੀ ਨਹੀਂ ਮਹਾਰਤ ਦਿਖਾਉਂਦਾ/ਦਿਖਾਉਂਦੀ ਹੈ।

Office of Superintendent of Public Instruction
Old Capitol Building
P.O. Box 47200
Olympia, WA 98504-7200

**ਵਧੇਰੇ ਜਾਣਕਾਰੀ ਲਈ**

OSPI: **www.k12.wa.us**
MSP/HSPE: **www.WAtesting.com**
ਸਵਾਲ: **StateTesting@k12.wa.us**